# Visit of Shri V. Muraleedharan, Minister of State for External Affairs to the People's Democratic Republic of Algeria (September 15 -17, 2021)

September 17, 2021

……………………………………………………………………………..

# ਵਿਦੇਸ਼ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਦੀ ਅਲਜੀਰੀਆਈ ਪੀਪਲਜ਼ ਡੈਮੋਕ੍ਰੇਟਿਕ ਰੀਪਬਲਿਕ ਦੀ ਫੇਰੀ (15-17 ਸਤੰਬਰ, 2021)

17 ਸਤੰਬਰ, 2021

ਵਿਦੇਸ਼ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਨੇ 15-17 ਸਤੰਬਰ, 2021 ਤੱਕ ਅਲਜੀਰੀਆਈ ਪੀਪਲਜ਼ ਡੈਮੋਕ੍ਰੇਟਿਕ ਰੀਪਬਲਿਕ ਦੀ ਫੇਰੀ ਕੀਤੀ। ਇਸ ਫੇਰੀ ਦੌਰਾਨ ਉਨ੍ਹਾਂ ਨੇ ਅਲਜੀਰੀਆ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਐਮੇਨੇ ਬੇਨਾਬਦਰਹਮਾਨੇ ਨਾਲ ਮੁਲਾਕਾਤ ਕੀਤੀ ਅਤੇ ਆਪਸੀ ਹਿੱਤਾਂ ਦੇ ਕਈ ਦੁਵੱਲੇ, ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਚਰਚਾ ਕੀਤੀ। ਰਾਜ ਮੰਤਰੀ ਨੇ ਵਿਦੇਸ਼ ਮੰਤਰੀ ਅਤੇ ਵਿਦੇਸ਼ ਮੰਤਰਾਲੇ ਅੰਦਰ ਵਿਦੇਸ਼ਾਂ ਵਿੱਚ ਰਾਸ਼ਟਰੀ ਭਾਈਚਾਰੇ ਦੇ ਮੰਤਰੀ ਸ਼੍ਰੀ ਰਮਤੇਨ ਲਾਮਾਮਰਾ ਅਤੇ ਵਿਦੇਸ਼ ਮੰਤਰਾਲੇ ਦੇ ਸਕੱਤਰ ਜਨਰਲ ਸ਼੍ਰੀ ਰਾਸ਼ਿਦ ਚਾਕਿਬ ਕੈਬ ਨਾਲ ਲਾਹੇਵੰਦ ਗੱਲਬਾਤ ਕੀਤੀ। ਭਾਰਤ-ਅਲਜੀਰੀਆ ਸਾਨਜਾ ਕਮਿਸ਼ਨ ਦੀ ਮੀਟਿੰਗ ਦਾ 10ਵਾਂ ਗੇੜ ਛੇਤੀ ਕਰਵਾਉਣ 'ਤੇ ਸਹਿਮਤੀ ਹੋਈ।

ਰਾਜ ਮੰਤਰੀ ਵਪਾਰ ਅਤੇ ਨਿਰਯਾਤ ਪ੍ਰਮੋਸ਼ਨ ਮੰਤਰੀ ਸ਼੍ਰੀ ਕਮੇਲ ਰੇਜ਼ੀਗ ਅਤੇ ਅਲਜੀਰੀਆਈ ਊਰਜਾ ਅਤੇ ਖਾਨ ਮੰਤਰੀ ਸ਼੍ਰੀ ਅਰਕਾਬ ਮੁਹੰਮਦ ਨੂੰ ਵੀ ਮਿਲੇ। ਅਲਜੀਰੀਆ ਨਾਲ ਊਰਜਾ, ਰਸਾਇਣਾਂ ਅਤੇ ਖਾਦਾਂ ਸਮੇਤ ਵੱਖ ਵੱਖ ਖੇਤਰਾਂ ਵਿੱਚ ਸਾਡੀ ਆਰਥਿਕ ਸਾਂਝ ਨੂੰ ਹੋਰ ਹੁਲਾਰਾ ਦੇਣ ਉੱਤੇ ਸਹਿਮਤੀ ਹੋਈ। ਭਾਰਤ ਅਤੇ ਅਲਜੀਰੀਆ ਦਰਮਿਆਨ ਦੁਵੱਲੇ ਵਪਾਰ ਅਤੇ ਨਿਵੇਸ਼ ਨੂੰ ਹੋਰ ਵਧਾਉਣ ਦੀ ਦੋਹਾਂ ਦੇਸ਼ਾਂ ਦੀ ਸਾਂਝੀ ਇੱਛਾ ਹੈ।

ਅਲਜੀਰੀਆ ਵਿੱਚ ਲਗਭਗ 4000 ਭਾਰਤੀ ਲੋਕਾਂ ਦਾ ਛੋਟਾ ਪਰ ਸਰਗਰਮ ਭਾਈਚਾਰਾ ਹੈ ਜੋ ਜ਼ਿਆਦਾਤਰ ਵੱਖ -ਵੱਖ ਕੰਪਨੀਆਂ 'ਚ ਕੰਮ ਕਰਦੇ ਹਨ। ਰਾਜ ਮੰਤਰੀ ਨੇ ਇਸ ਦੌਰੇ ਦੌਰਾਨ ਉਨ੍ਹਾਂ ਦੇ ਸਮੂਹ ਨਾਲ ਗੱਲਬਾਤ ਕੀਤੀ। ਕੁੱਲ ਮਿਲਾ ਕੇ ਇਸ ਫੇਰੀ ਸਦਕਾ ਅਲਜੀਰੀਆ ਨਾਲ ਸਾਡੇ ਦੁਵੱਲੇ ਸਬੰਧਾਂ ਨੂੰ ਅੱਗੇ ਵਧਾਉਣ ਲਈ ਜ਼ਮੀਨ ਤਿਆਰ ਹੋਈ।

ਨਵੀਂ ਦਿੱਲੀ
17 ਸਤੰਬਰ, 2021

DISCLAIMER: This is an approximate translation. The original is available in English on MEA's website and may be referred to as the official press release.